*ਨਵੰਬਰ 2007*

## ਪ੍ਰੋਵਿੰਸ਼ੀਅਲ (ਸੂਬਾਈ) ਸਮਾਲ ਕਲੇਮਜ਼ ਕੋਰਟ ਪਾਇਲਟ

ਨਵੰਬਰ 2007 ਤੋਂ, ਰੌਬਸਨ ਸੁਕੇਅਰ ਅਤੇ ਰਿਚਮੰਡ ਸਮਾਲ ਕਲੇਮਜ਼ ਕੋਰਟ ਵਿਚ ਸੂਬਾਈ ਸਮਾਲ ਕਲੇਮਜ਼ ਕੋਰਟ ਦੀ ਕਾਰਵਾਈ ਬਦਲ ਜਾਵੇਗੀ। ਪਾਇਲਟ ਪ੍ਰੋਜੈਕਟ ਦੇ ਹਿੱਸੇ ਵਜੋਂ, ਰੌਬਸਨ ਸੁਕੇਅਰ ਕੋਰਟ ਰਜਿਸਟਰੀ ਵਿਚ ਦਰਜ ਕਰਵਾਏ ਗਏ ਸਾਰੇ ਕਲੇਮ ਅੱਗੇ ਦੱਸੇ ਮੁਤਾਬਕ ਹੱਲ ਕੀਤੇ ਜਾਣਗੇ। ਰਿਚਮੰਡ ਕੋਰਟ ਰਜਿਸਟਰੀ ਵਿਚ ਦਰਜ ਕਰਵਾਏ ਗਏ 5000 ਡਾਲਰ ਤੱਕ ਦੇ ਕਲੇਮ (ਨਿੱਜੀ ਸੱਟਾਂ ਦੇ ਕਲੇਮਾਂ ਤੋਂ ਬਿਨਾਂ) ਸਿੰਪਲੀਫਾਇਡ ਟਰਾਇਲ ਵਿਚ ਸੁਣੇ ਜਾਣਗੇ। ਇਹ ਤਬਦੀਲੀਆਂ ਅਦਾਲਤੀ ਸੁਧਾਰ ਕਰਨ ਲਈ ਸੂਬਾਈ ਕੋਰਟ ਅਤੇ ਸੂਬਾਈ ਸਰਕਾਰ ਦੇ ਉੱਦਮਾਂ ਦਾ ਹਿੱਸਾ ਬਣਦੀਆਂ ਹਨ।

### *5000 ਡਾਲਰ ਤੱਕ ਦੇ ਕਲੇਮਾਂ ਲਈ ਸਿੰਪਲੀਫਾਇਡ ਟਰਾਇਲ – ਰੌਬਸਨ ਸੁਕੇਅਰ ਅਤੇ ਰਿਚਮੰਡ ਰੂਲ 9.1*

ਸਿੰਪਲੀਫਾਇਡ ਟਰਾਇਲ ਕਿਸੇ ਤਜਰਬੇਕਾਰ ਵਕੀਲ, ਜੋ ਕਿ ਜਸਟਿਸ ਆਫ ਪੀਸ ਹੁੰਦਾ ਹੈ ਅਤੇ ਉਸ ਨੂੰ ਅਡਜੂਡੀਕੇਟਰ ਵੀ ਆਖਿਆ ਜਾਂਦਾ ਹੈ, ਅੱਗੇ ਇਕ ਘੰਟੇ ਦਾ ਸਰਲ ਮੁਕੱਦਮਾ ਹੈ। ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਵਿਚ ਦਾਖਲ ਕੀਤੇ ਗਏ 5000 ਡਾਲਰ ਤੱਕ ਦੇ ਸਾਰੇ ਕਲੇਮ, ਜਿਨ੍ਹਾਂ ਵਿਚ ਰੂਲ 9.2 ਅਧੀਨ (ਹੇਠਾਂ ਦੇਖੋ) ਅਤੇ ਨਿੱਜੀ ਸੱਟਾਂ ਦੇ ਕਲੇਮਾਂ ਨਾਲ ਸੰਬੰਧਿਤ ਮਾਇਕ ਦੇਣਦਾਰੀਆਂ ਦੇ ਕਲੇਮ ਸ਼ਾਮਲ ਨਹੀਂ ਹਨ, ਸਿੰਪਲੀਫਾਇਡ ਟਰਾਇਲ ਵਿਚ ਸ਼ਾਮਾਂ ਨੂੰ ਸੁਣੇ ਜਾਣਗੇ। ਰਿਚਮੰਡ ਵਿਚ 5000 ਡਾਲਰ ਤੱਕ ਦੇ ਸਾਰੇ ਕਲੇਮ, (ਨਿੱਜੀ ਸੱਟਾਂ ਦੇ ਕਲੇਮਾਂ ਤੋਂ ਬਿਨਾਂ) ਸਿੰਪਲੀਫਾਇਡ ਟਰਾਇਲ ਵਿਚ ਆਮ ਕਾਰੋਬਾਰੀ ਸਮੇਂ ਦੌਰਾਨ ਸੁਣੇ ਜਾਣਗੇ।

ਹਰ ਧਿਰ ਨੂੰ ਸਿੰਪਲੀਫਾਇਡ ਟਰਾਇਲ ਤੋਂ ਘੱਟੋ ਘੱਟ 14 ਦਿਨ ਪਹਿਲਾਂ ਰਜਿਸਟਰੀ ਵਿਚ ਮੁਕੱਦਮੇ ਦਾ ਬਿਆਨ (ਫਾਰਮ 33) ਜ਼ਰੂਰ ਦਰਜ ਕਰਵਾਉਣਾ ਪਵੇਗਾ ਅਤੇ ਸਿੰਪਲੀਫਾਇਡ ਟਰਾਇਲ ਤੋਂ ਘੱਟੋ ਘੱਟ ਸੱਤ (7) ਦਿਨ ਪਹਿਲਾਂ ਹਰ ਦੂਜੀ ਧਿਰ ਨੂੰ ਦੇਣਾ ਪਵੇਗਾ। ਮੁਕੱਦਮੇ ਦੇ ਬਿਆਨ ਵਿਚ ਤਰੀਕ ਮੁਤਾਬਕ ਤੱਥਾਂ ਦਾ ਬਿਆਨ ਵੀ ਸ਼ਾਮਲ ਕਰਨਾ ਪਵੇਗਾ (ਜਿਸ ਤਰਤੀਬ ਨਾਲ ਚੀਜ਼ਾਂ ਹੋਈਆਂ), ਕਲੇਮ ਕੀਤੀ ਗਈ ਰਕਮ ਦਾ ਹਿਸਾਬ-ਕਿਤਾਬ, ਢੁਕਵੇਂ ਪੇਪਰਾਂ ਦੀਆਂ ਕਾਪੀਆਂ, ਅਤੇ ਗਵਾਹਾਂ ਦੀ ਲਿਸਟ ਵੀ ਦੇਣੇ ਪੈਣਗੇ ਅਤੇ ਸੰਖੇਪ ਵਿਚ ਇਹ ਦੱਸਣਾ ਪਵੇਗਾ ਕਿ ਹਰ ਗਵਾਹ ਕੀ ਦੱਸੇਗਾ।

### *ਮਾਇਕ ਦੇਣਦਾਰੀ ਲਈ ਸਮਰੀ ਟਰਾਇਲ – ਰੌਬਸਨ ਸੁਕੇਅਰ ਰੂਲ 9.2*

ਸਮਰੀ ਟਰਾਇਲ ਮਾਇਕ ਦੇਣਦਾਰੀਆਂ ਦੇ ਕਲੇਮਾਂ ਲਈ ਇਕ ਜੱਜ ਅੱਗੇ ਅੱਧੇ ਘੰਟੇ ਦਾ ਸਰਲ ਬਣਾਇਆ ਮੁਕੱਦਮਾ ਹੈ। ਰੌਬਸਨ ਸੁਕੇਅਰ ਕੋਰਟ ਰਜਿਸਟਰੀ ਵਿਖੇ ਦਰਜ ਕਰਵਾਏ ਗਏ ਮਾਇਕ ਦੇਣਦਾਰੀਆਂ ਦੇ ਸਾਰੇ ਕਲੇਮ, ਸਮਰੀ ਟਰਾਇਲ ਵਿਚ ਸੁਣੇ ਜਾਣਗੇ। ਮਾਇਕ ਦੇਣਦਾਰੀ ਦੇ ਕਲੇਮ ਉਹ ਕਲੇਮ ਹਨ ਜਿੱਥੇ ਦਾਅਵਾ ਕਰਨ ਵਾਲਾ ਪੈਸੇ ਉਧਾਰ ਦੇਣ ਜਾਂ ਕਰੈਡਿਟ (ਕਰਜ਼) ਵਧਾਉਣ ਦੇ ਕਾਰੋਬਾਰ ਵਿਚ ਹੈ। ਦੇਣਦਾਰੀ ਦਾ ਉਸ ਕਾਰੋਬਾਰ ਦੌਰਾਨ ਕਿਸੇ ਲੋਨ ਜਾਂ ਕਰੈਡਿਟ ਦੇ ਵਾਧੇ ਕਾਰਨ ਪੈਦਾ ਹੋਇਆ ਹੋਣਾ ਜ਼ਰੂਰੀ ਹੈ।

ਹਰ ਧਿਰ ਨੂੰ ਆਪਣੇ ਸਮਰੀ ਟਰਾਇਲ ਤੋਂ ਘੱਟੋ ਘੱਟ 14 ਦਿਨ ਪਹਿਲਾਂ, ਕੀਤੇ ਗਏ ਕੋਈ ਵੀ ਕੌਨਟਰੈਕਟ, ਅਕਾਊਂਟ ਦੇ ਚਿੱਠੇ, ਕੀਤੀ ਗਈ ਅਦਾਇਗੀ ਦੇ ਸਬੂਤ ਜਾਂ ਹੋਰ ਉਹ ਦਸਤਾਵੇਜ਼ ਦਰਜ ਕਰਵਾਉਣੇ ਪੈਣਗੇ ਜਿਨ੍ਹਾਂ 'ਤੇ ਉਹ ਨਿਰਭਰ ਕਰਦੇ ਹਨ ਅਤੇ ਇਨ੍ਹਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਦੂਜੀਆਂ ਧਿਰਾਂ ਨੂੰ ਸਮਰੀ ਟਰਾਇਲ ਤੋਂ ਘੱਟੋ ਘੱਟ ਸੱਤ (7) ਦਿਨ ਪਹਿਲਾਂ ਜ਼ਰੂਰ ਪਹੁੰਚਾਉਣੀਆਂ ਪੈਣਗੀਆਂ।

### *5000 ਡਾਲਰ ਤੋਂ ਜ਼ਿਆਦਾ ਦੇ ਕਲੇਮਾਂ ਲਈ ਮੀਡੀਏਸ਼ਨ – ਰੌਬਸਨ ਸੁਕੇਅਰ ਰੂਲ 7.4*

ਰੌਬਸਨ ਸੁਕੇਅਰ ਵਿਚ 5000 ਡਾਲਰ ਤੋਂ ਜ਼ਿਆਦਾ ਅਤੇ 25000 ਡਾਲਰ ਤੱਕ ਦੇ ਸਾਰੇ ਕੇਸ, ਜਿਨ੍ਹਾਂ ਵਿਚ ਰੂਲ 9.2 ਅਧੀਨ ਮਾਇਕ ਦੇਣਦਾਰੀਆਂ ਦੇ ਕਲੇਮ ਅਤੇ ਨਿੱਜੀ ਸੱਟਾਂ ਦੇ ਸਾਰੇ ਕੇਸ ਸ਼ਾਮਲ ਨਹੀਂ ਹਨ, ਦੋ ਘੰਟੇ ਦੇ ਮੀਡੀਏਸ਼ਨ ਦੇ ਸੈਸ਼ਨ ਲਈ ਭੇਜੇ ਜਾਣਗੇ। ਮੀਡੀਏਟਰ, ਸਾਰੀਆਂ ਧਿਰਾਂ ਨੂੰ ਬਿਨਾਂ ਕਿਸੇ ਖਰਚੇ ਦੇ ਬੀ ਸੀ ਡਿਸਪਿਊਟ ਰੈਜ਼ੋਲੂਸ਼ਨ ਪ੍ਰੈਕਟੀਕਮ ਸੁਸਾਇਟੀ ਵਲੋਂ ਦਿੱਤੇ ਜਾਣਗੇ।

ਨਿੱਜੀ ਸੱਟਾਂ ਦੇ ਕੇਸਾਂ ਲਈ, ਰੂਲ 7.4 ਇਹ ਕਹਿੰਦਾ ਹੈ ਕਿ ਤਿਆਰੀ ਦਾ ਸਰਟੀਫਿਕੇਟ ਅਤੇ ਆਜ਼ਾਦ ਡਾਕਟਰੀ ਜਾਂਚ ਦੀਆਂ ਸ਼ਰਤਾਂ ਮੀਡੀਏਸ਼ਨਾਂ 'ਤੇ ਲਾਗੂ ਹੁੰਦੀਆਂ ਹਨ।

## *ਟਰਾਇਲ ਕਾਨਫਰੰਸ – ਰੌਬਸਨ ਸੁਕੇਅਰ* *ਰੂਲ 7.5*

ਟਰਾਇਲ ਕਾਨਫਰੰਸ ਇਕ ਜੱਜ ਨਾਲ ਅੱਧੇ ਘੰਟੇ ਦੀ ਕਾਨਫਰੰਸ ਹੈ ਜੋ ਕਿ ਤੁਹਾਡੇ ਕੇਸ ਦਾ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਕੀਤੀ ਜਾਂਦੀ ਹੈ। ਟਰਾਇਲ ਕਾਨਫਰੰਸ ਉਨ੍ਹਾਂ ਕੇਸਾਂ ਲਈ ਕੀਤੀ ਜਾਂਦੀ ਹੈ ਜਿਹੜੇ ਮੀਡੀਏਸ਼ਨ ਹੇਠ ਨਹੀਂ ਆਉਂਦੇ ਜਾਂ ਜਿਨ੍ਹਾਂ ਦਾ ਹੱਲ ਮੀਡੀਏਸ਼ਨ ਵਿਚ ਨਹੀਂ ਹੁੰਦਾ।

ਹਰ ਧਿਰ ਨੂੰ ਟਰਾਇਲ ਕਾਨਫਰੰਸ ਤੋਂ 14 ਦਿਨ ਪਹਿਲਾਂ ਰਜਿਸਟਰੀ ਵਿਚ ਮੁਕੱਦਮੇ ਦਾ ਬਿਆਨ (ਫਾਰਮ 33) ਜ਼ਰੂਰ ਦਰਜ ਕਰਵਾਉਣਾ ਪਵੇਗਾ ਅਤੇ ਟਰਾਇਲ ਕਾਨਫਰੰਸ ਤੋਂ ਸੱਤ (7) ਦਿਨ ਪਹਿਲਾਂ ਹਰ ਦੂਜੀ ਧਿਰ ਨੂੰ ਦੇਣਾ ਪਵੇਗਾ। ਮੁਕੱਦਮੇ ਦੇ ਬਿਆਨ ਵਿਚ ਤਰੀਕ ਮੁਤਾਬਕ ਤੱਥਾਂ ਦਾ ਬਿਆਨ ਵੀ ਸ਼ਾਮਲ ਕਰਨਾ ਪਵੇਗਾ (ਜਿਸ ਤਰਤੀਬ ਨਾਲ ਚੀਜ਼ਾਂ ਹੋਈਆਂ), ਕਲੇਮ ਕੀਤੀ ਗਈ ਰਕਮ ਦਾ ਹਿਸਾਬ-ਕਿਤਾਬ, ਢੁਕਵੇਂ ਪੇਪਰਾਂ ਦੀਆਂ ਕਾਪੀਆਂ, ਅਤੇ ਗਵਾਹਾਂ ਦੀ ਲਿਸਟ ਵੀ ਦੇਣੇ ਪੈਣਗੇ ਅਤੇ ਸੰਖੇਪ ਵਿਚ ਇਹ ਦੱਸਣਾ ਪਵੇਗਾ ਕਿ ਹਰ ਗਵਾਹ ਕੀ ਦੱਸੇਗਾ।

ਟਰਾਇਲ ਕਾਨਫਰੰਸ ਵਿਚ ਜੱਜ ਕਲੇਮ 'ਤੇ ਵਿਚਾਰ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਮੁਕੱਦਮੇ ਲਈ ਕਿੰਨਾ ਸਮਾਂ ਚਾਹੀਦਾ ਹੈ। ਜੱਜ ਮੁਕੱਦਮੇ ਦੀ ਸੁਣਵਾਈ ਲਈ ਹੋਰ ਆਰਡਰ ਵੀ ਕਰ ਸਕਦਾ ਹੈ, ਉਨ੍ਹਾਂ ਮਾਮਲਿਆਂ ਬਾਰੇ ਫੈਸਲਾ ਕਰ ਸਕਦਾ ਹੈ ਜਿਨ੍ਹਾਂ ਲਈ ਸਬੂਤਾਂ ਦੀ ਲੋੜ ਨਹੀਂ ਹੈ, ਉਨ੍ਹਾਂ ਕਲੇਮਾਂ ਨੂੰ ਰੱਦ ਕਰ ਸਕਦਾ ਹੈ ਜਿਨ੍ਹਾਂ ਦਾ ਕੋਈ ਵਾਜਬ ਆਧਾਰ ਨਹੀਂ ਹੈ ਜਾਂ ਜਿਹੜੇ ਅਦਾਲਤ ਦੀ ਕਾਰਵਾਈ ਦੀ ਦੁਰਵਰਤੋਂ ਕਰਨ ਵਾਲੇ ਹਨ, ਜਾਂ ਮੁਕੱਦਮੇ ਦੇ ਸੰਭਵ ਨਤੀਜੇ ਬਾਰੇ ਗੈਰ-ਬੰਦਸ਼ੀ ਰਾਇ ਦੇ ਸਕਦਾ ਹੈ।

**ਜ਼ਿਆਦਾ ਜਾਣਕਾਰੀ ਲਈ, ਸਮਾਲ ਕਲੇਮਜ਼ ਰੂਲ ਦੇਖੋ**

ਜੋ ਕਿ ਕੋਰਟ ਸਰਵਿਸਿਜ਼ ਬਰਾਂਚ ਦੇ ਵੈੱਬਸਾਈਟ 'ਤੇ ਮੌਜੂਦ ਹਨ: www.gov.bc.ca/ag
ਸਰਚ ਬਾਰ ਵਿਚ "ਕੋਰਟ ਸਰਵਿਸਿਜ਼" ਟਾਇਪ ਕਰੋ
ਜਾਂ ਰੌਬਸਨ ਸੁਕੇਅਰ ਸਮਾਲ ਕਲੇਮਜ਼ ਕੋਰਟ ਰਜਿਸਟਰੀ ਨਾਲ ਸੰਪਰਕ ਕਰੋ
ਟੈਲੀਫੋਨ: 604 660-8989 ਫੈਕਸ: 604 660-7095

ਜਾਂ ਰਿਚਮੰਡ ਸਮਾਲ ਕਲੇਮਜ਼ ਕੋਰਟ ਰਜਿਸਟਰੀ
ਟੈਲੀਫੋਨ: 604 660-6549 ਫੈਕਸ: 604 660-1797

BRITISH COLUMBIA
Ministry of Attorney General